# SWARAJ ENGINES LIMITED

**Works :**
Plot No. 2, Indl. Focal Point,
Phase-IX, S.A.S. Nagar
Distt. S.A.S. Nagar (Mohali)
(Near Chandigarh)
Tel. : 0172-2234941-47, 2234950

SWARAJ

02/SP/EXCH
29th June, 2023

**BSE Limited**
Listing Department
P.J. Towers, 1st Floor,
Dalal Street, Fort,
Mumbai – 400 001
Email: corp.relations@bseindia.com
**Scrip Code: 500407**

**National Stock Exchange of India Limited**
Capital Market-Listing, Exchange Plaza,
Bandra Kurla Complex,
Bandra (E),
Mumbai- 400051
Email: cmlist@nse.co.in
**Scrip Name: SWARAJENG**

**Sub: Newspaper Advertisement – Disclosure under Regulation 30 and Regulation 47 of SEBI (Listing Obligations and Disclosure Requirements) Regulations, 2015**

Dear Sir,

Pursuant to Regulation 30 and Regulation 47 of the Securities and Exchange Board of India (Listing Obligations and Disclosure Requirements) Regulations, 2015 and in compliance with Ministry of Corporate Affairs General Circular No. 20/2020 dated 5th May, 2020, 2/2022 dated 5th May, 2022 and 10/2022 dated 28th Dec., 2022, please find enclosed herewith copies of the Notice for the attention of the Equity Shareholders of the Company in respect of information regarding 37th Annual General Meeting scheduled to be held on Friday, 28th July, 2023 through Video Conferencing / Other Audio Visual Means and notice of Book Closure, published on 29th June, 2023 in the following newspapers:

| S. No. | Name of Newspaper | Editions |
|---|---|---|
| 1 | Financial Express (English) | All Edition |
| 2 | Ajit (Punjabi) | Jalandhar |

This intimation is also being uploaded on the Company's website at https://www.swarajenterprise.com.

You are requested to take note of the same.

With regards,

**For SWARAJ ENGINES LTD.**

Digitally signed by
RAJESH KUMAR KAPILA
Date: 2023.06.29
16:39:59 +05'30'

**(Rajesh K. Kapila)**
**Company Secretary**

**Encl: As above**

AJIT 29-06-2023

# SWARAJ

# ਸਵਰਾਜ ਇੰਜਨਸ ਲਿ.

CIN: L50210PB1985PLC006473
ਰਜਿ. ਦਫਤਰ: ਫੇਜ਼ IV, ਇੰਡਸਟ੍ਰਿਅਲ ਏਰੀਆ, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ-160055, ਫੋਨ: 0172-2271620, ਫੈਕਸ: 0172-2272731
ਈ-ਮੇਲ: selinvestor@swarajenterprise.com
ਵੈਬਸਾਇਟ: www.swarajenterprise.com

## ਵੀਡੀਓ ਕੋਂਫਰੇਂਸਿੰਗ / ਹੋਰ ਆਡੀਓ ਵਿਜ਼ੁਅਲ ਸਾਧਨ ਦੇ ਜਰੀਏ ਆਯੋਜਿਤ ਕੀਤੇ ਜਾਣ ਵਾਲੀ 37ਵੀਂ ਸਾਲਾਨਾ ਆਮ ਬੈਠਕ ਦੇ ਸਬੰਧ ਵਿੱਚ ਜਾਣਕਾਰੀ ਅਤੇ ਬੁਕ ਕਲੋਸਰ ਦਾ ਨੋਟਿਸ

ਸ਼ੇਅਰਧਾਰਕ ਕਿਰਪਾ ਕਰਕੇ ਇਸ ਵੱਲ ਧਿਆਨ ਦੇ ਸਕਦੇ ਹਨ ਕਿ ਸਵਰਾਜ ਇੰਜਣਸ ਲਿਮਿਟੇਡ ("ਕੰਪਨੀ") ਦੀ 37ਵੀਂ ਸਾਲਾਨਾ ਆਮ ਬੈਠਕ ("ਏਜੀਐਮ") ਇਸ ਦੇ ਨੋਟਿਸ ਵਿੱਚ ਨਿਰਧਾਰਤ ਵਪਾਰਾਂ ਦਾ ਸੰਚਾਲਨ ਕਰਨ ਲਈ ਵੀਡੀਓ ਕੋਂਫਰੇਂਸਿੰਗ ("ਵੀਸੀ") / ਹੋਰ ਆਡੀਓ ਵਿਜ਼ੁਅਲ ਸਾਧਨ ("ਓਏਵੀਐਮ") ਦੇ ਜਰੀਏ, **ਸ਼ੁੱਕਰਵਾਰ, 28 ਜੁਲਾਈ, 2023 ਨੂੰ ਦੁਪਹਿਰ 2:00 ਵਜੇ** ਕੀਤੀ ਜਾਵੇਗੀ ਜਿਸ ਨੂੰ ਕੰਪਨੀਜ਼ ਐਕਟ, 2013 ("ਐਕਟ") ਦੇ ਸਾਰੇ ਲਾਗੂ ਪ੍ਰਾਵਧਾਨਾਂ, ਮਿਨਿਸਟ੍ਰੀ ਆਫ ਕਾਰਪੋਰੇਟ ਅਫੇਅਰਸ ("ਐਮਸੀਏ") ਦੇ ਜਨਰਲ ਸਰਕੂਲਰ ਨੰਬਰ 14/2020, 17/2020, 20/2020, 02/2021, 21/2021, 2/2022 ਅਤੇ 10/2022 ਕ੍ਰਮਵਾਰ ਮਿਤੀ 8 ਅਪ੍ਰੈਲ, 2020, 13 ਅਪ੍ਰੈਲ, 2020, 5 ਮਈ, 2020, 13 ਜਨਵਰੀ, 2021, 14 ਦਸੰਬਰ, 2021, 5 ਮਈ, 2022 ਅਤੇ 28 ਦਸੰਬਰ, 2022 ("ਐਮਸੀਏ ਸਰਕੂਲਰ") ਅਤੇ ਸੇਬੀ (ਲਿਸਟਿੰਗ ਓਬਲਿਗੇਸ਼ਨਸ ਐਂਡ ਡਿਸਕਲੋਜ਼ਰ ਰਿਕਵਾਯਰਮੇਂਟਸ) ਰੈਗੁਲੇਸ਼ਨਸ, 2015 ("ਸੇਬੀ ਲਿਸਟਿੰਗ ਰੈਗੁਲੇਸ਼ਨਸ") ਦੁਆਰਾ ਜਾਰੀ ਕੀਤੇ ਹੋਰ ਸਾਰੇ ਲਾਗੂ ਸਰਕੂਲਰਾਂ ਦੇ ਅਨੁਪਾਲਣ ਵਿੱਚ ਕੀਤਾ ਜਾਵੇਗਾ।

ਉੱਪਰ ਦਿੱਤੇ ਸਰਕੂਲਰਾਂ ਦੇ ਅਨੁਪਾਲਣ ਵਿੱਚ, 37ਵੀਂ ਏਜੀਐਮ ਦੇ ਨੋਟਿਸ ਦੀਆਂ ਇਲੈਕਟ੍ਰੋਨਿਕ ਨਕਲਾਂ, ਈ-ਵੋਟਿੰਗ ਲਈ ਪਰਕਿਰਿਆ ਅਤੇ ਹਿਦਾਇਤਾਂ, ਅਤੇ ਵਿੱਤੀ ਸਾਲ 2022-23 ਲਈ ਸਾਲਾਨਾ ਰਿਪੋਰਟ ਉਨ੍ਹਾਂ ਸਾਰੇ ਸ਼ੇਅਰਧਾਰਕਾਂ ਨੂੰ ਭੇਜੀ ਜਾਵੇਗੀ ਜਿਨ੍ਹਾਂ ਦੇ ਈ-ਮੇਲ ਪਤੇ ਕੰਪਨੀ / ਡਿਪੋਜ਼ਿਟਰੀ ਭਾਗੀਦਾਰ(ਰਾਂ) ਦੇ ਨਾਲ ਪੰਜੀਕ੍ਰਿਤ ਹਨ। 37ਵੀਂ ਏਜੀਐਮ ਅਤੇ ਸਾਲਾਨਾ ਰਿਪੋਰਟ 2022-23 ਦੇ ਨੋਟਿਸ ਨੂੰ ਕੰਪਨੀ ਦੀ ਵੈਬਸਾਈਟ www.swarajenterprise.com ਤੇ ਅਤੇ ਸਟਾਕ ਐਕਸਚੇਂਜਿਸ ਦੀ ਵੈਬਸਾਈਟ www.bseindia.com ਤੇ ਬੀਐਸਈ ਲਿਮਿਟੇਡ ਅਤੇ www.nseindia.com ਤੇ ਨੈਸ਼ਨਲ ਸਟਾਕ ਐਕਸਚੇਂਜ ਆਫ ਇੰਡੀਆ ਲਿਮਿਟੇਡ ਤੇ ਵੀ ਉਪਲਬਧ ਕਰਾਇਆ ਜਾਵੇਗਾ।

ਕੰਪਨੀ ਮੈਂਬਰਾਂ ਨੂੰ ਰਿਮੋਟ ਈ-ਵੋਟਿੰਗ ਅਤੇ ਏਜੀਐਮ ਤੇ ਈ-ਵੋਟਿੰਗ ਦੇ ਜਰੀਏ ਇਲੈਕਟ੍ਰੋਨਿਕ ਸਾਧਨ ਦੁਆਰਾ ਵੋਟ ਪਾਉਣ ਦੇ ਉਨ੍ਹਾਂ ਦੇ ਅਧਿਕਾਰ ਦਾ ਉਪਯੋਗ ਕਰਨ ਲਈ ਸੁਵਿਧਾ ਪ੍ਰਦਾਨ ਕਰੇਗੀ। ਏਜੀਐਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ / ਏਜੀਐਮ ਦੇ ਦੌਰਾਨ ਈ-ਵੋਟਿੰਗ ਦੀ ਪਰਕਿਰਿਆ ਤੇ ਹਿਦਾਇਤਾਂ ਨੂੰ, ਉਸ ਤਰੀਕੇ ਸਮੇਤ ਜਿਸ ਵਿੱਚ ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰ ਜਾਂ ਜਿਨ੍ਹਾਂ ਨੇ ਉਨ੍ਹਾਂ ਦੇ ਈ-ਮੇਲ ਪਤਿਆਂ ਨੂੰ ਪੰਜੀਕ੍ਰਿਤ ਨਹੀਂ ਕੀਤਾ ਹੈ, ਉਹ ਰਿਮੋਟ ਈ-ਵੋਟਿੰਗ / ਈ-ਵੋਟਿੰਗ ਦੇ ਜਰੀਏ ਉਨ੍ਹਾਂ ਦਾ ਵੋਟ ਪਾ ਸਕਦੇ ਹਨ, 37ਵੀਂ ਏਜੀਐਮ ਦੇ ਨੋਟਿਸ ਦੇ ਹਿੱਸੇ ਵਜੋਂ ਪ੍ਰਦਾਨ ਕੀਤਾ ਜਾਵੇਗਾ।

ਸ਼ੇਅਰਧਾਰਕ ਇਸ ਵੱਲ ਧਿਆਨ ਦੇ ਸਕਦੇ ਹਨ ਕਿ ਬੋਰਡ ਆਫ ਡਾਇਰੈਕਟਰਸ ਨੇ 27 ਅਪ੍ਰੈਲ, 2023 ਨੂੰ ਆਯੋਜਿਤ ਉਨ੍ਹਾਂ ਦੀ ਬੈਠਕ ਵਿੱਚ ਰੁ. 92.00 ਪ੍ਰਤੀ ਸ਼ੇਅਰ ਦੇ ਡਿਵਿਡੈਂਟ ਦੀ ਸਿਫਾਰਿਸ਼ ਕੀਤੀ ਹੈ। ਕੰਪਨੀਜ਼ ਐਕਟ, 2013 ਦੀ ਧਾਰਾ 91, ਅਤੇ ਸੇਬੀ ਲਿਸਟਿੰਗ ਰੈਗੁਲੇਸ਼ੰਸ ਦੇ ਰੈਗੁਲੇਸ਼ਨ 42 ਦੇ ਮੁਤਾਬਕ, ਮੈਂਬਰਾਂ ਦੇ ਰਜਿਸਟਰ ਅਤੇ ਸ਼ੇਅਰ ਟ੍ਰਾਂਸਫਰ ਕਿਤਾਬਾਂ 8 ਜੁਲਾਈ, 2023 ਤੋਂ 14 ਜੁਲਾਈ, 2023 (ਦੋਹਾਂ ਦਿਨਾਂ ਸਮੇਤ) ਤਕ ਬੰਦ ਰਹਿਣਗੀਆਂ।

ਮੈਂਬਰਾਂ ਦੀ ਮਨਜ਼ੂਰੀ ਦੇ ਅਧੀਨ, ਡਿਵਿਡੈਂਡ ਦਾ ਉਨ੍ਹਾਂ ਸ਼ੇਅਰਧਾਰਕਾਂ ਨੂੰ ਭਿੰਨ-ਭਿੰਨ ਆਨਲਾਈਨ ਟ੍ਰਾਂਸਫਰ ਤਰੀਕਿਆਂ ਦੇ ਜਰੀਏ ਇਲੈਕਟ੍ਰੋਨਿਕ ਤੌਰ ਤੇ 29 ਜੁਲਾਈ, 2023 ਨੂੰ ਜਾਂ ਉਸ ਤੋਂ ਬਾਅਦ ਭੁਗਤਾਨ ਕੀਤਾ ਜਾਵੇਗਾ ਜਿਨ੍ਹਾਂ ਨੇ ਆਪਣੇ ਬੈਂਕ ਖਾਤੇ ਦੇ ਵੇਰਵਿਆਂ ਨੂੰ ਅਪਡੇਟ ਕੀਤਾ ਹੈ। ਡਿਵਿਡੈਂਡ ਨੂੰ ਪ੍ਰਾਪਤ ਕਰਨ ਵਿੱਚ ਦੇਰੀ ਤੋਂ ਬਚਣ ਲਈ, ਸ਼ੇਅਰਧਾਰਕਾਂ ਨੂੰ ਉਨ੍ਹਾਂ ਦੇ ਡਿਪੋਜ਼ਿਟਰੀਆਂ ਦੇ ਨਾਲ (ਜਿੱਥੇ ਸ਼ੇਅਰਾਂ ਨੂੰ ਡੀਮਟੀਰਿਅਲਾਈਜ਼ਡ ਰੂਪ ਵਿੱਚ ਰੱਖਿਆ ਹੋਇਆ ਹੈ) ਅਤੇ ਕੰਪਨੀ ਦੇ ਰਜਿਸਟ੍ਰਾਰ ਅਤੇ ਟ੍ਰਾਂਸਫਰ ਏਜੰਟ (ਜਿੱਥੇ ਸ਼ੇਅਰਾਂ ਨੂੰ ਭੌਤਿਕ ਰੂਪ ਵਿੱਚ ਰੱਖਿਆ ਹੋਇਆ ਹੈ) ਦੇ ਨਾਲ ਉਨ੍ਹਾਂ ਦੇ ਸੰਪੂਰਨ ਬੈਂਕ ਦੇ ਵੇਰਵੇ ਅਪਡੇਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਜੇ ਕੰਪਨੀ ਬੈਂਕ ਖਾਤੇ ਦੇ ਵੇਰਵਿਆਂ ਦੀ ਉਪਲਬਧਤਾ ਨਾ ਹੋਣ ਦੇ ਕਰਕੇ ਇਲੈਕਟ੍ਰੋਨਿਕ ਮੋਡ ਦੁਆਰਾ ਕਿਸੇ ਵੀ ਸ਼ੇਅਰਧਾਰਕ ਨੂੰ ਡਿਵਿਡੈਂਡ ਦਾ ਭੁਗਤਾਨ ਕਰਨ ਵਿੱਚ ਅਯੋਗ ਹੁੰਦੀ ਹੈ, ਤਾਂ ਕੰਪਨੀ ਡਾਕ ਦੁਆਰਾ ਉਨ੍ਹਾਂ ਦੇ ਪੰਜੀਕ੍ਰਿਤ ਪਤੇ ਤੇ ਅਜਿਹੇ ਸ਼ੇਅਰਧਾਰਕ ਨੂੰ ਡਿਵਿਡੈਂਡ ਵਾਰੰਟ ਭੇਜੇਗੀ।

ਸ਼ੇਅਰਧਾਰਕ ਜੋ ਆਪਣੇ ਈ-ਮੇਲ ਪਤੇ ਨੂੰ ਰਜਿਸਟਰ ਕਰਨਾ ਅਤੇ/ਜਾਂ ਬੈਂਕ ਖਾਤੇ ਮੈਂਡੇਟ ਨੂੰ ਅਪਡੇਟ ਕਰਨਾ ਚਾਹੁੰਦੇ ਹਨ, ਹੇਠਾਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰ ਸਕਦੇ ਹਨ:

ਏ. ਇਲੈਕਟ੍ਰੋਨਿਕ ਰੂਪ ਵਿੱਚ ਰੱਖੇ ਗਏ ਸ਼ੇਅਰਾਂ ਲਈ: ਤੁਹਾਡੇ ਡਿਪੋਜ਼ਿਟਰੀ ਭਾਗੀਦਾਰ (ਡੀਪੀ) ਦੁਆਰਾ ਦੱਸੀ ਗਈ ਪਰਕਿਰਿਆ ਦੇ ਮੁਤਾਬਕ, ਤੁਹਾਡੇ ਡੀਮੈਟ ਖਾਤੇ ਵਿੱਚ ਵੇਰਵਿਆਂ ਨੂੰ ਰਜਿਸਟਰ/ਅਪਡੇਟ ਕਰੋ;

ਬੀ. ਭੌਤਿਕ ਰੂਪ ਵਿੱਚ ਰੱਖੇ ਸ਼ੇਅਰਾਂ ਲਈ: ਕੰਪਨੀ ਦੇ ਰਜਿਸਟ੍ਰਾਰ ਅਤੇ ਟ੍ਰਾਂਸਫਰ ਏਜੰਟ, ਐਮਸੀਐਸ ਸ਼ੇਅਰ ਟ੍ਰਾਂਸਫਰ ਏਜੰਟ ਲਿਮਟਿਡ (ਐਮਸੀਐਸ) ਦੇ ਨਾਲ ਨਿਰਧਾਰਤ ਫਾਰਮ ਆਈਐਸਆਰ-1 ਅਤੇ ਹੋਰ ਢੁਕਵੇਂ ਫਾਰਮਾਂ ਵਿੱਚ ਵੇਰਵਿਆਂ ਨੂੰ ਰਜਿਸਟਰ/ਅਪਡੇਟ ਕਰੋ। ਮਿਤੀ 3 ਨਵੰਬਰ, 2021 ਦੇ ਸੇਬੀ ਦੇ ਸਰਕੂਲਰ ਨੰ. SEBI/HO/MIRSD/MIRSD_RTAMB/P/CIR/2021/655 ਦੇ ਮੁਤਾਬਕ, ਕੰਪਨੀ ਨੇ ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਸ਼ੇਅਰਧਾਰਕਾਂ ਨੂੰ ਕੇਵਾਈਸੀ ਵੇਰਵਿਆਂ ਨੂੰ ਪੇਸ਼ ਕਰਨ ਲਈ ਪੱਤਰ ਭੇਜੇ ਹਨ ਜੋ ਉਨ੍ਹਾਂ ਦੇ ਸਬੰਧਤ ਫੋਲੀਓ ਵਿੱਚ ਪੰਜੀਕ੍ਰਿਤ ਨਹੀਂ ਹਨ। ਸ਼ੇਅਰਧਾਰਕ https://swarajenterprise.com/ImpNot ਤੇ ਕੰਪਨੀ ਦੀ ਵੈਬਸਾਈਟ ਤੇ ਵੀ ਢੁਕਵੇਂ ਫਾਰਮਾਂ ਤਕ ਪਹੁੰਚ ਪ੍ਰਾਪਤ ਕਰ ਸਕਦੇ ਹਨ।

ਸ਼ੇਅਰਧਾਰਕ ਇਸ ਵੱਲ ਧਿਆਨ ਦੇ ਸਕਦੇ ਹਨ ਕਿ ਇੰਕਮ ਟੈਕਸ ਐਕਟ, 1961, ਫਾਇਨੈਂਸ ਐਕਟ, 2020 ਦੁਆਰਾ ਸੰਸ਼ੋਧਨ ਕੀਤੇ ਜਾਣ ਵਜੋਂ, ਹਿਦਾਯਤ ਦਿੰਦੀ ਹੈ ਕਿ 1 ਅਪ੍ਰੈਲ, 2020 ਤੋਂ ਬਾਅਦ ਕਿਸੇ ਕੰਪਨੀ ਦੁਆਰਾ ਭੁਗਤਾਨ ਕੀਤਾ ਜਾਂ ਵੰਡਿਆ ਡਿਵਿਡੈਂਡ ਸ਼ੇਅਰਧਾਰਕਾਂ ਦੇ ਹੱਥਾਂ ਵਿੱਚ ਕਰਯੋਗ ਹੋਵੇਗਾ। ਇਸ ਕਰਕੇ ਕੰਪਨੀ ਨੂੰ ਡਿਵਿਡੈਂਡ ਦਾ ਭੁਗਤਾਨ ਕਰਨ ਦੇ ਸਮੇਂ ਤੇ ਟੈਕਸ ਕੱਟਣ ("ਟੀਡੀਐਸ") ਦੀ ਲੋੜ ਹੋਵੇਗੀ। ਉਚਿਤ ਟੀਡੀਐਸ ਦਰ ਨੂੰ ਨਿਰਧਾਰਤ ਕਰਨ ਲਈ, ਸ਼ੇਅਰਧਾਰਕਾਂ ਨੂੰ ਇੰਕਮ ਟੈਕਸ ਐਕਟ, 1961 ਦੇ ਪ੍ਰਾਵਧਾਨਾਂ ਦੇ ਮੁਤਾਬਕ ਲੋੜੀਂਦੇ ਦਸਤਾਵੇਜ਼ selinvestor@swarajenterprise.com ਤੇ ਜਮ੍ਹਾਂ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਇਸ ਦੇ ਸਬੰਧ ਵਿੱਚ ਢੁਕਵੇਂ ਵੇਰਵੇ 37ਵੀਂ ਏਜੀਐਮ ਦੇ ਨੋਟਿਸ ਵਿੱਚ ਉਪਲਬਧ ਹੋਣਗੇ।

ਇਸ ਨੋਟਿਸ ਨੂੰ ਐਮਸੀਏ ਅਤੇ ਸੇਬੀ ਦੇ ਲਾਗੂ ਸਰਕੂਲਰਾਂ ਦੇ ਅਨੁਪਾਲਣ ਵਿੱਚ ਕੰਪਨੀ ਦੇ ਸਾਰੇ ਸ਼ੇਅਰਧਾਰਕਾਂ ਦੀ ਜਾਣਕਾਰੀ ਅਤੇ ਫਾਇਦੇ ਲਈ ਜਾਰੀ ਕੀਤਾ ਜਾ ਰਿਹਾ ਹੈ।

**ਸਵਰਾਜ ਇੰਜਨਸ ਲਿ.** ਦੇ ਨਮਿਤ
ਦਸਤਖਤ/-
**ਰਾਜੇਸ਼ ਕੇ. ਕਪਿਲਾ**
ਕੰਪਨੀ ਸਕੱਤਰ
ਮੈ. ਨੰ.: ACS-9936

**ਸਥਾਨ: ਐਸ.ਏ.ਐਸ. ਨਗਰ (ਮੋਹਾਲੀ)**
**ਤਾਰੀਖ: 28.06.2023**